Tender Heart High School, Class- V

Punjabi    Chapter-14    Gurpreet Kaur

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-14 'ਮੇਰੀ ਪਿਆਰੀ- ਪਿਆਰੀ ਮਾਂ" ਕਵਿਤਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ ਸਾਰੇ ਵਿਦਿਆਰਥੀ ਆਪਣੀਆਂ ਕਿਤਾਬਾਂ ਲੈਕੇ ਤਿਆਰ ਹਨ ਤਾਂ ਆਓ, ਅਸੀਂ ਪੜ੍ਹਨਾ ਸ਼ੁਰੂ ਕਰੀਏ।

# 14 ਮੇਰੀ ਪਿਆਰੀ-ਪਿਆਰੀ ਮਾਂ

ਇਸ ਕਵਿਤਾ ਵਿੱਚ ਮਾਂ ਦੇ ਪਿਆਰ, ਮਾਂ ਦੇ ਬੱਚੇ ਲਈ ਕੰਮਾਂ, ਮਾਂ ਦੇ ਗੁਣਾਂ ਬਾਰੇ ਦੱਸਿਆ ਗਿਆ ਹੈ। ਮਾਂ ਰੱਬ ਦਾ ਹੀ ਰੂਪ ਹੁੰਦੀ ਹੈ। ਜੋ ਬੱਚੇ ਲਈ ਸਭ ਕੁਝ ਕਰਦੀ ਹੈ।

ਮੇਰੀ ਪਿਆਰੀ–ਪਿਆਰੀ ਮਾਂ,
ਇਸ ਦੀ ਠੰਢੀ–ਮਿੱਠੀ ਛਾਂ,

ਮੈਨੂੰ ਕਰਦੀ ਬਹੁਤ ਪਿਆਰ,
ਸਕੂਲ ਜਾਣ ਲਈ ਕਰੇ ਤਿਆਰ।
ਪਿਆਰ ਨਾਲ ਲੈਂਦੀ ਮੇਰਾ ਨਾਂ,
ਮੇਰੀ ਪਿਆਰੀ–ਪਿਆਰੀ ਮਾਂ।





Spiral



ਪੜ੍ਹ ਕੇ ਜਦੋਂ ਸਕੂਲੋਂ ਆਵਾਂ,
ਚੁੱਕ ਲੈਂਦੀ ਫੈਲਾ ਕੇ ਬਾਹਵਾਂ,
ਛਾਤੀ ਨਾਲ ਲਗਾਉਂਦੀ ਮਾਂ,
ਮੇਰੀ ਪਿਆਰੀ-ਪਿਆਰੀ ਮਾਂ।
ਗਿੱਲੀ ਥਾਂ ਤੇ ਆਪ ਹੈ ਪੈਂਦੀ,

ਲੋਰੀਆਂ ਦੇ ਮੈਨੂੰ ਸੁਆਵੇ,
ਮਿੱਠੀਆਂ-ਮਿੱਠੀਆਂ ਬਾਤਾਂ ਪਾਵੇ,
ਆਖੇ ਇੱਕ ਸੀ ਚਿੜੀ ਤੇ ਕਾਂ,
ਮੇਰੀ ਪਿਆਰੀ-ਪਿਆਰੀ ਮਾਂ।





ਸਾਰੇ ਵਿਦਿਆਰਥੀ ਇਹਨਾਂ ਔਖੇ ਸ਼ਬਦਾਂ ਨੂੰ ਦੋ ਵਾਰ ਲਿਖੋ ਅਤੇ ਯਾਦ ਕਰੋ।

ਲੱਖਾਂ ਦੁੱਖ ਮੇਰੇ ਲਈ ਸਹਿੰਦੀ,
ਮੈਨੂੰ ਪਾਉਂਦੀ ਸੁੱਕੀ ਥਾਂ,
ਮੇਰੀ ਪਿਆਰੀ-ਪਿਆਰੀ ਮਾਂ।





ਰੱਬ ਵਾਂਗ ਮਾਂ ਲੱਗੇ ਪਿਆਰੀ,
ਇਹ ਹੈ ਮੇਰੀ ਪਾਲਣਹਾਰੀ,
ਮਾਂ ਹੈ ਕਿੰਨਾ ਮਿੱਠਾ ਨਾਂ,
ਮੇਰੀ ਪਿਆਰੀ-ਪਿਆਰੀ ਮਾਂ।